# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਮੀਮੋਨੰ:DySPD (PEDB)/2021/ 277239 ਮਿਤੀ: 16.08.2021

## ਜਨਤਕ ਸੂਚਨਾ

1.0 ਵਿਭਾਗ ਵਲੋਂ ਜਾਰੀ ਜਨਤਕ ਸੂਚਨਾ ਮੀਮੋ ਨੰ: DySPD (PEDB)/2021/ 259172 ਮਿਤੀ 30.07.2021 ਅਤੇ ਮੀਮੋ ਨੰ: DySPD (PEDB)/2021/ 260849 ਮਿਤੀ 03.08.2021 ਰਾਹੀਂ ਵਿਭਾਗ ਵੱਲੋਂ 3704 ਸਾਇੰਸ, ਮੈਥ ਅਤੇ ਅੰਗਰੇਜੀ ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਅਧਿਆਪਕਾਂ, 3582 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਜਿਨ੍ਹਾਂ ਅਧਿਆਪਕਾਂ ਨੂੰ ਮਈ 2021 ਉਪਰੰਤ ਨਿਯੁਕਤੀ ਪੱਤਰ ਦਿੱਤੇ ਗਏ ਹਨ ਅਤੇ 6060 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਜਿਨਾਂ ਅਧਿਆਪਕ ਜਿੰਨਾਂ ਦੀ ਨਿਯੁਕਤੀ ਸਤੰਬਰ 2020 ਉਪਰੰਤ ਹੋਈ ਹੈ ਨੂੰ ਬਦਲੀ ਅਪਲਾਈ ਕਰਨ ਦਾ ਸੱਦਾ ਦਿੱਤਾ ਗਿਆ ਸੀ ਅਤੇ ਇਹਨਾਂ ਅਧਿਆਪਕਾਂ ਨੂੰ ਮਿਤੀ 04.08.2021 ਤੱਕ ਆਨਲਾਈਨ ਬੇਨਤੀ ਦੇਣ ਅਤੇ ਸਟੇਸ਼ਨ ਚੋਣ ਕਰਨ ਦਾ ਮੌਕਾ ਦਿੱਤਾ ਗਿਆ ਸੀ।

2.0 ਅਧਿਆਪਕਾਂ ਦੇ ਚੌਥੇ ਗੇੜ ਦੀਆਂ ਬਦਲੀਆਂ ਦੇ ਹੁਕਮ ਮਿਤੀ 10.08.2021 ਨੂੰ ਜਾਰੀ ਕੀਤੇ ਗਏ ਹਨ ਅਤੇ ਉਸ ਉਪਰੰਤ ਖਾਲੀ ਸਟੇਸ਼ਨਾਂ ਦੀ ਸੂਚੀ ਵਿੱਚ ਤਬਦੀਲੀ ਹੋਣ ਕਾਰਨ ਪੈਰ੍ਹਾ ਨੰ:1.0 ਵਿੱਚ ਦਰਸਾਏ ਸਮੂਹ ਅਧਿਆਪਕਾਂ ਨੂੰ ਮੁੜ ਤੋਂ Disadvantageous Areas ਵਿੱਚ ਸਟੇਸ਼ਨ ਚੋਣ ਕਰਨ ਦਾ ਮੌਕਾ ਮਿਤੀ 17.08.2021 ਤੱਕ ਦਿੱਤਾ ਜਾਂਦਾ ਹੈ।

3.0 ਇਹਨਾਂ ਅਧਿਆਪਕਾਂ ਵਿਚੋਂ Teacher Transfer Policy-2019 ਦੀ ਮੱਦ 9.0 ਅਨੁਸਾਰ Exempted Category ਦੇ ਅਧਿਆਪਕਾਂ ਨੂੰ ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਸਟੇਸ਼ਨ ਚੋਣ ਕਰਨ ਦਾ ਮੌਕਾ ਮਿਤੀ 17.08.2021 ਤੱਕ ਦਿੱਤਾ ਜਾਂਦਾ ਹੈ।

4.0 ਸਟੇਸ਼ਨ ਚੋਣ ਕੇਵਲ ਆਨਲਾਇਚੀਨ ਹੀ ਕੀਤੀ ਜਾ ਸਕਦੀ ਹੈ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਬਦਲੀ ਲਈ ਦਸਤੀ ਪ੍ਰਾਪਤ ਹੋਣ ਵਾਲੀ ਦਰਖਾਸਤਾਂ ਉੱਪਰ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਸਮੂਹ ਦਰਖਾਸਤ ਕਰਤਾਵਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਆਪਣੀ ਸਟੇਸ਼ਨ ਚੋਣ ਆਨਲਾਈਨ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।

(HR) MS 911